ਮਾਪਿਓ, ਵਿਦਿਆਰਥੀਓ, ਸਟਾਫ ਅਤੇ ਕਮਿਊਨਿਟੀ ਦੇ ਮੈਂਬਰੋ,

ਏ-ਸਵੇਇਲ (ਹੈਲੋ),

ਸਕੂਲ ਸਾਲ ਦਾ ਅੰਤ ਨੇੜੇ ਆ ਗਿਆ ਹੈ। ਇਹ ਕਹਿਣ ਦੀ ਲੋੜ ਨਹੀਂ ਕਿ ਇਹ ਸਾਲ ਪਹਿਲੇ ਸਾਲਾਂ ਵਰਗਾ ਨਹੀਂ ਸੀ। ਸਰਕਾਰੀ ਤੌਰ 'ਤੇ ਸਾਡੇ ਸਕੂਲਾਂ ਦੇ ਅਖੀਰਲੇ ਦਿਨ 26 ਜੂਨ ਵੱਲ ਜਾਂਦਿਆਂ ਅਸੀਂ ਕਹਿ ਸਕਦੇ ਹਾਂ ਕਿ ਅਸਲ ਵਿੱਚ ਸਾਡਾ ਸਾਰਾ ਕੰਮ ਸਤੰਬਰ ਲਈ ਯੋਜਨਾ ਬਣਾਉਣ ਬਾਰੇ ਹੈ, ਕਿਉਂਕਿ ਭਾਵੇਂ ਸਕੂਲ ਅਗਲੇ ਹਫਤੇ ਖਤਮ ਹੋ ਜਾਣਗੇ, ਪਰ ਇਹ ਪੱਕਾ ਹੈ ਕਿ ਮਹਾਂਮਾਰੀ ਖਤਮ ਨਹੀਂ ਹੋਵੇਗੀ। ਹਰ ਇਕ ਦੇ ਮਨ ਵਿੱਚ ਸਭ ਤੋਂ ਪਹਿਲਾ ਸਵਾਲ ਇਹ ਹੈ ਕਿ ਸਤੰਬਰ ਕਿਸ ਤਰ੍ਹਾਂ ਦਾ ਹੋਵੇਗਾ? ਇਹ ਵੀਡੀਓ ਆਪਣੀ ਯੋਜਨਾ ਬਾਰੇ ਦੱਸਣ ਲਈ ਅਤੇ ਲੋਕਾਂ ਦੀ ਇਹ ਦੇਖਣ ਵਿੱਚ ਮਦਦ ਕਰਨ ਲਈ ਹੈ, ਕਿ ਅਗਾਂਹ ਕੀ ਹੋਵੇਗਾ।

ਪਹਿਲੀ ਅਤੇ ਸਭ ਤੋਂ ਮਹੱਤਵਪੂਰਨ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਇਸ ਗੱਲ ਦਾ ਫੈਸਲਾ ਸਰਕਾਰ ਅਤੇ ਵਿਦਿਆ ਮੰਤਰਾਲੇ (ਐਜੂਕੇਸ਼ਨ ਮਨਿਸਟਰੀ) ਨੇ ਕਰਨਾ ਹੈ ਕਿ ਸਤੰਬਰ ਵਿੱਚ ਸਕੂਲ ਕਿਸ ਤਰ੍ਹਾਂ ਦੇ ਹੋਣਗੇ। ਜਿਸ ਤਰ੍ਹਾਂ ਦਾ ਵੀ ਫੈਸਲਾ ਹੋਵੇਗਾ, ਸਾਡਾ ਜ਼ਿਲ੍ਹਾ ਉਸ ਨੂੰ ਲਾਗੂ ਕਰੇਗਾ।

ਅਗਲੀ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਵਿਦਿਆ ਮੰਤਰਾਲੇ ਦੀ ਯੋਜਨਾ ਦੇ 5 ਸੰਭਾਵੀ ਪੜਾਅ ਹਨ, ਅਤੇ ਹਰ ਇਕ ਪੜਾਅ 'ਤੇ ਆਹਮੋ ਸਾਹਮਣੇ ਹੋ ਕੇ (ਫੇਸ ਟੂ ਫੇਸ) ਪੜ੍ਹਾਈ ਕਰਨ ਤੋਂ ਲੈ ਕੇ ਸਕੂਲ ਵਿੱਚ ਬਿਲਕੁਲ ਨਾ ਆਉਣ ਤੱਕ ਵੱਖਰੀਆਂ ਵੱਖਰੀਆਂ ਪੱਧਰਾਂ ਦੇ ਵਿਦਿਆਰਥੀ ਸਕੂਲ ਵਿੱਚ ਆਉਣਗੇ। ਇਸ ਸਮੇਂ ਅਸੀਂ ਉਸ ਪੜਾਅ 'ਤੇ ਹਾਂ ਜਿੱਥੇ ਸਾਰੇ ਵਿਦਿਆਰਥੀ ਪਾਰਟ ਟਾਇਮ ਤੌਰ 'ਤੇ ਆਹਮੋ ਸਾਹਮਣੇ ਹੋ ਕੇ (ਫੇਸ ਟੂ ਫੇਸ) ਪੜ੍ਹਾਈ ਕਰ ਸਕਦੇ ਹਨ ਅਤੇ ਇਹ ਉਨ੍ਹਾਂ ਦੀ ਮਰਜ਼ੀ 'ਤੇ ਨਿਰਭਰ ਹੈ। ਜਦੋਂ ਵਿਦਿਆਰਥੀ ਦੋਵੇਂ ਤਰ੍ਹਾਂ ਦੇ ਢੰਗਾਂ ਨਾਲ -ਆਹਮੋ ਸਾਹਮਣੇ ਹੋ ਕੇ ਅਤੇ ਆਨਲਾਈਨ ਜਾਂ ਦੂਰ ਤੋਂ - ਪੜ੍ਹਾਈ ਕਰ ਰਹੇ ਹਨ ਤਾਂ ਅਸੀਂ ਇਸ ਨੂੰ ਮਿਸ਼ਰਤ ਮਾਡਲ ਕਹਿੰਦੇ ਹਾਂ ਕਿਉਂਕਿ ਇਹ ਆਹਮੋ ਸਾਹਮਣੇ ਹੋ ਕੇ ਪੜ੍ਹਾਈ ਕਰਨ ਅਤੇ ਦੂਰ ਤੋਂ ਪੜ੍ਹਾਈ ਕਰਨ ਦਾ ਮਿਸ਼ਰਨ ਹੈ।

ਸਤੰਬਰ ਵਿੱਚ ਕਿਸ ਤਰ੍ਹਾਂ ਕਰਨਾ ਹੈ, ਇਸ ਬਾਰੇ ਕੋਈ ਵੀ ਫੈਸਲਾ ਜ਼ਰੂਰੀ ਤੌਰ 'ਤੇ ਵਾਇਰਸ ਦੀ ਇਨਫੈਕਸ਼ਨ ਦੀ ਦਰ ਦੇ ਅਨੁਸਾਰ ਹੋਵੇਗਾ। ਨਤੀਜੇ ਵੱਜੋਂ, ਸਾਨੂੰ ਕਈ ਤਰ੍ਹਾਂ ਦੀ ਯੋਜਨਾਵਾਂ ਬਣਾਉਣੀਆਂ ਪੈਣਗੀਆਂ, ਇਕ ਇਹ ਕਿ ਅਸੀਂ ਸਾਰੇ ਫੁੱਲ ਟਾਇਮ ਵਾਪਸ ਆਵਾਂਗੇ, ਜਿਹੜਾ ਕਿ ਸੌਖਾ ਹੋਵੇਗਾ, ਅਤੇ ਸਕੂਲ ਆਮ ਵਾਂਗ ਨਾਰਮਲ ਹੋਣਗੇ। ਪਰ ਸਾਨੂੰ ਮਿਸ਼ਰਤ ਮਾਡਲ ਵਿੱਚ ਵਾਪਸ ਆਉਣ ਦੀ ਸੰਭਾਵਨਾ ਬਾਰੇ ਵੀ ਯੋਜਨਾ ਬਣਾਉਣੀ ਪਵੇਗੀ। ਵਿਦਿਆ ਮੰਤਰੀ ਅਤੇ ਸੂਬਾਈ ਸਿਹਤ ਅਫਸਰ (ਪ੍ਰੋਵਿੰਸ਼ਿਅਲ ਹੈਲਥ ਅਫਸਰ) ਜੂਨ ਦੇ ਪਹਿਲੇ ਹਫਤੇ ਤੱਕ ਕਹਿ ਰਹੇ ਸਨ ਕਿ ਹੋ ਸਕਦਾ ਹੈ ਕਿ ਸਤੰਬਰ ਵਿੱਚ ਅਸੀਂ ਮਿਸ਼ਰਤ ਜਾਂ ਰਲੇ ਮਿਲੇ ਮਾਡਲ ਨਾਲ ਵਾਪਸ ਆਈਏ, ਇਸ ਲਈ ਸਾਨੂੰ ਇਸ ਲਈ ਵੀ ਤਿਆਰ ਰਹਿਣ ਦੀ ਲੋੜ ਹੈ।

ਇਕ ਸਕੂਲ ਜ਼ਿਲ੍ਹੇ ਦੇ ਤੌਰ 'ਤੇ ਅਸੀਂ ਆਪਣੀ ਯੋਜਨਾਬੰਦੀ ਸ਼ੁਰੂ ਕਰਨ ਲਈ ਸਤੰਬਰ ਤੱਕ ਉਡੀਕ ਨਹੀਂ ਕਰ ਸਕਦੇ। ਮੈਂ ਸਾਡੇ ਵੱਲੋਂ ਬਣਾਈਆਂ ਜਾ ਰਹੀਆਂ ਯੋਜਨਾਵਾਂ ਬਾਰੇ ਦੱਸਣਾ ਚਾਹੁੰਦਾ ਹਾਂ, ਤਾਂ ਕਿ ਤੁਸੀਂ ਪਹਿਲਾਂ ਹੀ ਉਸ ਬਾਰੇ ਸੋਚਣਾ ਸ਼ੁਰੂ ਕਰ ਸਕੋ। ਸਤੰਬਰ ਬਾਰੇ ਤਿਆਰੀ ਕਰਨ ਲਈ ਸਾਨੂੰ ਕੁਝ ਫਰਜ਼ੀ ਗੱਲਾਂ ਵਾਲਾ ਮਾਡਲ ਚੁਣਨ ਦੀ ਲੋੜ ਹੈ। ਸਾਨੂੰ ਉਹ ਫੈਸਲੇ ਕਰਨ ਦੀ ਲੋੜ ਹੈ, ਜਿਹੜੇ ਸਾਨੂੰ ਸਰਕਾਰ ਦੇ ਆਖਰੀ ਫੈਸਲੇ ਲਈ ਤਿਆਰ ਕਰਦੇ ਹੋਣ।

ਅਸੀਂ ਸਤੰਬਰ ਵਿੱਚ ਇਕ ਮੁੱਖ ਵੱਖਰੀ ਵਿਸ਼ੇਸ਼ਤਾ ਦੇ ਨਾਲ, ਹੁਣ ਵਾਲੇ ਮਾਡਲ ਦੇ ਅਧੀਨ ਹੀ ਸਕੂਲ ਨੂੰ ਵਾਪਸ ਆਉਣ ਦੀ ਯੋਜਨਾ ਬਣਾ ਰਹੇ ਹਾਂ। ਅਸੀਂ ਇਸ ਵਿਸ਼ਵਾਸ ਨਾਲ ਯੋਜਨਾ ਬਣਾ ਰਹੇ ਹਾਂ ਕਿ ਜੇ ਅਸੀਂ ਪਤਝੜ ਵਿੱਚ ਇਸ ਪੜਾਅ 'ਤੇ ਹੋਏ, ਤਾਂ ਸਕੂਲ ਨੂੰ ਵਾਪਸ ਆਉਣਾ ਤੁਹਾਡੀ ਮਰਜ਼ੀ ਦੇ ਆਧਾਰ 'ਤੇ ਨਹੀਂ ਹੋਵੇਗਾ। ਇਸ ਦਾ ਮਤਲਬ ਹੈ, ਕਿ ਕਿੰਡਰਗਾਰਟਨ ਤੋਂ 5ਵੇਂ ਗ੍ਰੇਡ ਤੱਕ ਦੇ ਵਿਦਿਆਰਥੀ ਹਫਤੇ ਵਿੱਚ 2 ਦਿਨ ਸਕੂਲ ਆਉਣਗੇ। 6ਵੇਂ ਅਤੇ 7ਵੇਂ ਗ੍ਰੇਡ ਦੇ ਵਿਦਿਆਰਥੀ ਹਫਤੇ ਵਿੱਚ ਇਕ ਦਿਨ ਸਕੂਲ ਆਉਣਗੇ। ਸਾਡੇ ਸੈਕੰਡਰੀ ਸਕੂਲਾਂ ਦੇ ਵਿਦਿਆਰਥੀ ਹਫਤੇ ਵਿੱਚ ਇਕ ਦਿਨ ਸਕੂਲ ਵਿੱਚ ਹੋਣਗੇ। ਵਿਦਿਆਰਥੀਆਂ ਦੀ ਵੱਡੀ ਗਿਣਤੀ, ਬਾਕੀ ਦੇ ਦਿਨਾਂ ਵਿੱਚ ਆਨਲਾਈਨ ਜਾਂ ਦੂਰ ਤੋਂ ਪੜ੍ਹਾਈ ਕਰੇਗੀ। ਇਹ ਅਸਲੀ ਮਿਸ਼ਰਤ ਮਾਡਲ ਹੈ।

ਮਰਜ਼ੀ-ਰਹਿਤ ਚੋਣ ਅਤੇ ਸਾਰੇ ਮਾਡਲਾਂ ਨਾਲ ਮੇਲ ਖਾਂਦਿਆਂ, ਖਾਸ ਲੋੜਾਂ ਵਾਲੇ ਵਿਦਿਆਰਥੀ ਅਤੇ ਜ਼ਰੂਰੀ ਸੇਵਾਵਾਂ ਦੇਣ ਵਾਲੇ ਕਰਮਚਾਰੀਆਂ ਦੇ ਬੱਚੇ ਹਫਤੇ ਵਿੱਚ 5 ਦਿਨ ਸਕੂਲ ਆਉਣਗੇ।

ਇਕ ਵਾਰ ਫਿਰ, ਅਸੀਂ ਇਹ ਗੱਲਾਂ ਫਰਜ਼ ਕਰ ਰਹੇ ਹਾਂ ਤਾਂ ਕਿ ਅਸੀਂ ਆਪਣੀ ਯੋਜਨਾ ਬਣਾਉਣ ਦੇ ਕੰਮ ਨੂੰ ਅਗਾਂਹ ਤੋਰ ਸਕੀਏ। ਮਾਡਲ ਅਤੇ ਲਾਗੂ ਕਰਨ ਦੇ ਸਮੇਂ ਬਾਰੇ ਫੈਸਲਾ ਪੂਰੀ ਤਰ੍ਹਾਂ ਸਰਕਾਰ ਦੇ ਹੱਥ ਵਿੱਚ ਹੈ ਅਤੇ ਅਸੀਂ ਸਾਰੇ ਉਸ ਐਲਾਨ ਦੀ ਉਡੀਕ ਕਰ ਰਹੇ ਹਾਂ, ਪਰ ਸੰਭਵ ਹੈ ਕਿ ਇਹ ਅਗਸਤ ਦੇ ਅਖੀਰ ਤੱਕ ਨਾ ਹੋਵੇ। ਜੇ ਅਸੀਂ ਖੁਸ਼ਕਿਸਮਤ ਹੋਏ ਅਤੇ ਵਾਇਰਸ ਕਾਬੂ ਵਿੱਚ ਰਿਹਾ ਅਤੇ ਬੰਦਸ਼ਾਂ ਦਾ ਹਟਾਉਣਾ ਜਾਰੀ ਰਿਹਾ, ਤਾਂ ਹੋ ਸਕਦਾ ਹੈ ਕਿ ਅਸੀਂ ਅਜਿਹੀ ਸਥਿਤੀ ਵਿੱਚ ਹੋਈਏ ਕਿ ਅਸੀਂ ਪੱਤਝੜ ਵਿੱਚ ਸਕੂਲਾਂ ਨੂੰ ਨਾਰਮਲ ਰੂਪ ਵਿੱਚ ਸ਼ੁਰੂ ਕਰ ਸਕੀਏ, ਜਿਸ ਦੌਰਾਨ ਹਰ ਕੋਈ 100% ਸਮੇਂ ਲਈ ਵਾਪਸ ਆਏਗਾ। ਪਰ ਜੇ ਫੈਸਲਾ ਮਿਸ਼ਰਤ ਮਾਡਲ ਦਾ ਰਿਹਾ, ਤਾਂ ਸਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਅਸੀਂ ਇਸ ਨੂੰ ਸੰਭਾਵੀ ਤੌਰ 'ਤੇ ਸਭ ਤੋਂ ਵਧੀਆ ਵਿਦਿਅਕ ਪ੍ਰੋਗਰਾਮ ਬਣਾਉਣ ਲਈ ਤਿਆਰ ਹੋਈਏ ਅਤੇ ਉਨ੍ਹਾਂ ਗੱਲਾਂ ਤੋਂ ਫਾਇਦਾ ਉਠਾ ਸਕੀਏ ਜੋ ਅਸੀਂ ਇਸ ਬਸੰਤ ਰੁੱਤ ਵਿੱਚ ਸਿੱਖੀਆਂ ਹਨ। ਸਰਕਾਰ ਮਿਸ਼ਰਤ ਮਾਡਲ ਵਿੱਚ ਕੁੱਝ ਤਬਦੀਲੀਆਂ ਵੀ ਕਰ ਸਕਦੀ ਹੈ ਅਤੇ ਸਾਡੀ ਮੌਜੂਦਾ ਸਥਿਤੀ ਅਤੇ 100% ਦੀ ਮੁਕੰਮਲ ਵਾਪਸੀ ਵਿਚਕਾਰ ਦੀ ਕੋਈ ਵੱਖਰੀ ਚੋਣ ਵੀ ਕਰ ਸਕਦੀ ਹੈ। ਫਿਰ ਵੀ, ਗਰਮੀਆਂ ਦੇ ਅਖੀਰ ਵਿੱਚ ਹੋਣ ਵਾਲੇ ਫੈਸਲੇ ਨੂੰ ਧਿਆਨ ਵਿੱਚ ਰੱਖਦਿਆਂ, ਸਾਨੂੰ ਯੋਜਨਾ ਬਣਾਉਣ ਦੀ ਲੋੜ ਹੈ ਅਤੇ ਆਪਣੀ ਯੋਜਨਾ ਬਣਾਉਣ ਲਈ ਕੁਝ ਪੱਕੀਆਂ ਸੇਧਾਂ ਦਾ ਐਲਾਨ ਕਰਨ ਦੀ ਲੋੜ ਹੈ।

ਸਾਡੇ ਅਧਿਆਪਕਾਂ, ਸਹਾਇਕ ਸਟਾਫ ਅਤੇ ਸਕੂਲ ਦੇ ਪ੍ਰਬੰਧਕਾਂ ਨੇ ਬਸੰਤ ਦੇ ਸਮੇਂ ਦੌਰਾਨ ਸ਼ਾਨਦਾਰ ਕੰਮ ਕੀਤਾ ਹੈ। ਜਦੋਂ ਤੁਸੀਂ ਇਹ ਸੋਚੋ ਕਿ ਉਨ੍ਹਾਂ ਨੇ ਸਾਰੇ ਪ੍ਰਬੰਧ ਨੂੰ 3 ਮਹੀਨਿਆਂ ਦੌਰਾਨ ਦੋ ਵਾਰ ਨਵਿਆਇਆ ਹੈ, ਤਾਂ ਇਹ ਇਕ ਹੈਰਾਨਕੁਨ ਕਾਰਜ ਜਾਪਦਾ ਹੈ। ਜੇ ਅਸੀਂ ਹੁਣ ਸਤੰਬਰ ਵਿੱਚਲੀਆਂ ਸੰਭਾਵਨਾਵਾਂ ਬਾਰੇ ਐਲਾਨ ਕਰਦੇ ਹਾਂ, ਤਾਂ ਅਸੀਂ ਆਪਣੇ ਆਪ ਨੂੰ ਸਿੱਖੀਆਂ ਗਈਆਂ ਗੱਲਾਂ ਬਾਰੇ ਸੋਚਣ, ਉਨ੍ਹਾਂ ਵਿੱਚ ਤਬਦੀਲੀਆਂ ਕਰਨ ਅਤੇ ਸਰਕਾਰ ਦੀ ਸੇਧ ਲਈ ਤਿਆਰ ਰਹਿਣ ਅਤੇ ਉਡੀਕਣ ਲਈ 2 ਮਹੀਨੇ ਦਾ ਸਮਾਂ ਦਿੰਦੇ ਹਾਂ। ਮੈਂ ਜਾਣਦਾ ਹਾਂ ਕਿ ਆਖਰੀ ਫੈਸਲਾ ਕੋਈ ਵੀ ਹੋਵੇ, ਅਸੀਂ ਉਸ ਲਈ ਲੋੜ ਅਨੁਸਾਰ ਢਲਣ ਲਈ ਤਿਆਰ ਹੋਵਾਂਗੇ।

ਅਸੀਂ ਇਹ ਸੁਨੇਹਾ ਇਸ ਲਈ ਦੇਣਾ ਚਾਹੁੰਦੇ ਸੀ ਤਾਂ ਕਿ ਸਾਡੇ ਭਾਈਚਾਰੇ ਨੂੰ ਪਤਾ ਹੋਵੇ ਕਿ ਅਸੀਂ ਗਰਮੀਆਂ ਵਿੱਚ ਜਾਂਦੇ ਸਮੇਂ ਕੀ ਸੋਚ ਰਹੇ ਹਾਂ। ਇਸ ਤਰ੍ਹਾਂ, ਜਦੋਂ ਅਸੀਂ ਸਾਰੇ ਗਰਮੀਆਂ ਵਿੱਚ ਆਰਾਮ ਕਰਨ ਲਈ ਸਮਾਂ ਲੈ ਰਹੇ ਹਾਂ, ਉਦੋਂ ਮਾਪੇ ਵੀ ਇਹ ਸੋਚਣਾ ਸ਼ੁਰੂ ਕਰ ਸਕਦੇ ਹਨ ਕਿ ਸਤੰਬਰ ਵਿੱਚ ਕੀ ਹੋਵੇਗਾ। ਅਸੀਂ ਹਮੇਸ਼ਾਂ ਕਿਹਾ ਹੈ ਕਿ ਹੌਲੀ ਹੌਲੀ ਅਤੇ ਟਿੱਕ ਕੇ ਚਲਦਿਆਂ ਅਸੀਂ ਮੰਜ਼ਿਲ 'ਤੇ ਪਹੁੰਚ ਜਾਵਾਂਗੇ। ਇਕ ਵਾਰ ਫਿਰ, ਅਸੀਂ ਆਪਣਾ ਧਿਆਨ ਸਤੰਬਰ ਵੱਲ ਲਾ ਰਹੇ ਹਾਂ ਤਾਂ ਕਿ ਹੌਲੀ ਹੌਲੀ ਅਤੇ ਟਿੱਕ ਕੇ ਚਲਦਿਆਂ ਅਸੀਂ ਇਹ ਯਕੀਨੀ ਬਣਾ ਸਕੀਏ ਕਿ ਅਸੀਂ ਪੱਤਝੜ ਸਮੇਂ ਆਪਣੇ ਸਾਰੇ ਵਿਦਿਆਰਥੀਆਂ ਦਾ ਸਵਾਗਤ ਕਰਨ ਲਈ ਤਿਆਰ ਹੋਈਏ ਅਤੇ ਬਸੰਤ ਦੇ ਦੌਰਾਨ ਸਿੱਖੀਆਂ ਚੀਜ਼ਾਂ ਦੇ ਆਧਾਰ 'ਤੇ ਤਬਦੀਲੀਆਂ ਕਰਨ ਦੇ ਯੋਗ ਹੋਈਏ।

ਮੈਂ ਅਗਲੇ ਹਫਤੇ ਇਕ ਹੋਰ ਸੁਨੇਹਾ ਭੇਜਾਂਗਾ, ਪਰ ਉਦੋਂ ਤੱਕ,

ਆਪਣਾ ਧਿਆਨ ਰੱਖੀਓ ਅਤੇ ਤੰਦਰੁਸਤ ਰਹਿਓ,

ਹਾਇਚਕੇ